ਦਫ਼ਤਰ ਉਪ ਮੰਡਲ ਇੰਜੀਨੀਅਰ

ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸਰਹਿੰਦ-140406

ਵੱਲ,

Principal,

Divine Light International School,

Sirhind,

Distt. Fatehgarh Sahib

ਮੀਮੋ ਨੰਬਰ : 341

ਮਿਤੀ: 4/10/2021

ਵਿਸ਼ਾ:- ਸਾਲ 2021-2022 ਲਈ ਸਕੂਲ ਬਿਲਡਿੰਗ ਦਾ ਸੁਰੱਖਿਅਤ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਜੀ ਦਾ ਪੱਤਰ ਨੰ. DLIS/2021 ਮਿਤੀ. 02/08/2021.

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਦਰਸਾਈ ਗਈ ਬਿਲਡਿੰਗ ਦਾ ਮੁਆਇਨਾ ਕਰਨ ਉਪਰੰਤ ਇਸ ਦਫਤਰ ਦੇ ਸਹਾਇਕ ਇੰਜੀਨੀਅਰ, ਸ੍ਰੀ ਬਲਜਿੰਦਰ ਸਿੰਘ ਵੱਲੋਂ ਮੌਕਾ ਦੇਖਣ ਉਪਰੰਤ ਰਿਪੋਰਟ ਕੀਤੀ ਗਈ ਹੈ ਕਿ ਉਕਤ ਸਕੂਲ ਦੀ ਬਿਲਡਿੰਗ ਦੇਖਣ ਨੂੰ ਠੀਕ ਜਾਪਦੀ ਹੈ। ਇਸ ਲਈ ਸਕੂਲ ਨੂੰ ਸਾਲ 2021-2022 ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਜੇਕਰ ਭਵਿੱਖ ਵਿੱਚ ਬਿਲਡਿੰਗ ਵਿੱਚ ਵਾਧਾ/ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦਾ ਸਰਟੀਫਿਕੇਟ ਸਬੰਧਤ ਅਧਿਕਾਰੀ ਤੋਂ ਦੁਬਾਰਾ ਲਿਆ ਜਾਵੇ।

1) ਜੇਕਰ ਉਕਤ ਬਿਲਡਿੰਗ ਹੜ੍ਹ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਛੱਤਾਂ ਡਿੱਗਦੀਆਂ ਹਨ, ਤਾਂ ਉਸਾਰੀ ਕਰਨ ਉਪਰੰਤ ਉਹ ਦੁਬਾਰਾ ਵਿਭਾਗ ਤੋਂ ਚੈੱਕ ਕਰਵਾਈਆਂ ਜਾਣ ।

2) ਇਸ ਬਿਲਡਿੰਗ ਨੂੰ ਸੁਰੱਖਿਅਤ ਰੂਪ ਵਿੱਚ ਵਰਤਨ ਦਾ ਸਮਾਂ 31-03-2022 ਤੱਕ ਹੈ।

3) ਇਸ ਬਿਲਡਿੰਗ ਦਾ ਫਾਇਰ ਸੁਰੱਖਿਅਤ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਿਸ, ਫਤਿਹਗੜ੍ਹ ਸਾਹਿਬ ਵੱਲੋਂ ਪੱਤਰ ਨੰਬਰ Noc No. 505-37604-Fire/26150, ਮਿਤੀ 28-05-2021 ਰਾਹੀ ਇੱਕ ਸਾਲ ਲਈ ਦਿੱਤਾ ਗਿਆ ਹੈ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।

ਪਿੱਠ ਅੰਕਣ ਨੰਬਰ:-

ਮਿਤੀ:-

ਉਤਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸਰਹਿੰਦ ਨੂੰ ਉਨ੍ਹਾਂ ਦੇ ਪੱਤਰ ਨੰਬਰ 3939-41 ਮਿਤੀ 07.08.2014 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ, ਜੀ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।